

# ਪਰਿਵਾਰ ਅਤੇ Child Outcome Summary (ਬੱਚੇ ਦੇ ਨਤੀਜੇ ਦਾ ਸਾਰਾਂਸ਼)

## ਇਹ ਕਿਵੇਂ ਕੰਮ ਕਰਦਾ ਹੈ?

### Child Outcome Summary (ਬੱਚੇ ਦੇ ਨਤੀਜੇ ਦਾ ਸਾਰਾਂਸ਼) ਪ੍ਰਕਿਰਿਆ

Child Outcome Summary (ਬੱਚੇ ਦੇ ਨਤੀਜੇ ਦਾ ਸਾਰਾਂਸ਼, COS) ਸ਼ੁਰੂਆਤੀ ਸਹਾਇਤਾਵਾਂ ਵਿੱਚ ਬੱਚਿਆਂ ਦੀ ਪ੍ਰਗਤੀ ਬਾਰੇ ਅੰਕੜੇ ਇਕੱਠੇ ਕਰਦਾ ਹੈ। ਤਿੰਨਾਂ ਨਤੀਜਿਆਂ ਬਾਰੇ ਸੰਖੇਪ ਜਾਣਕਾਰੀ ਤੁਹਾਡੇ ਬੱਚੇ ਦੇ ਸ਼ੁਰੂਆਤੀ ਸਹਾਇਤਾ ਸੇਵਾਵਾਂ ਵਿੱਚ ਦਾਖਲ ਹੋਣ ਅਤੇ ਬਾਹਰ ਨਿਕਲਣ ਦੇ ਸਮੇਂ ਇਕੱਠੀ ਕੀਤੀ ਜਾਵੇਗੀ।

## ਤਿੰਨ ਮੁੱਖ ਨਤੀਜੇ ਕੀ ਹਨ?

### ਨਤੀਜਿਆਂ ਨੂੰ ਟਰੈਕ ਕਰਨਾ

- ਸਕਾਰਾਤਮਕ ਸਮਾਜਿਕ-ਭਾਵਨਾਤਮਕ ਹੁਨਰ ਅਤੇ ਸਮਾਜਿਕ ਰਿਸ਼ਤੇ
- ਗਿਆਨ ਅਤੇ ਹੁਨਰਾਂ ਨੂੰ ਹਾਸਲ ਕਰਨਾ ਅਤੇ ਵਰਤਣਾ
- ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਚਿਤ ਵਿਵਹਾਰਾਂ ਦੀ ਵਰਤੋਂ ਕਰਨਾ।

## ਪ੍ਰਗਤੀ ਦਾ ਫੈਸਲਾ ਕੌਣ ਕਰਦਾ ਹੈ?

### ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਦਾ ਮੁੱਲ

ਸ਼ੁਰੂਆਤੀ ਸਹਾਇਤਾ ਸੇਵਾਵਾਂ ਮਾਨਤਾ ਦਿੰਦੀਆਂ ਹਨ ਕਿ ਮਾਪੇ ਅਤੇ ਹੋਰ ਦੇਖਭਾਲ ਕਰਨ ਵਾਲੇ ਛੋਟੇ ਬੱਚਿਆਂ ਦੇ ਮੁੱਢਲੇ ਅਧਿਆਪਕ ਹਨ। ਮਾਪਿਆਂ ਨੂੰ ਹਮੇਸ਼ਾਂ ਸ਼ਾਮਲ ਹੋਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਮਾਪੇ ਆਪਣੇ ਬੱਚਿਆਂ ਨੂੰ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਹਨ। ਸਾਨੂੰ ਉਨ੍ਹਾਂ ਦੇ ਇਨਪੁੱਟ ਦੀ ਲੋੜ ਹੈ।

## ਸੰਖੇਪ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?

### ਸ਼ੁਰੂਆਤੀ ਸਹਾਇਤਾ ਸੇਵਾਵਾਂ ਦੀ ਗੁਣਵੱਤਾ ਨੂੰ ਮਾਪਣਾ

ਸੰਖੇਪ ਜਾਣਕਾਰੀ ਤੁਹਾਡੇ ਸਥਾਨਕ ਪ੍ਰੋਗਰਾਮ ਅਤੇ ਰਾਜ ਦੇ Early Support for Infants and Toddlers (ਨਵਜਾਤ ਬੱਚਿਆਂ ਅਤੇ ਛੋਟੇ ਬੱਚਿਆਂ ਲਈ ਸ਼ੁਰੂਆਤੀ ਸਹਾਇਤਾ, ESIT) ਟੀਮ ਨੂੰ ਦੱਸਦੀ ਹੈ ਕਿ ਕਿਵੇਂ ਸ਼ੁਰੂਆਤੀ ਸਹਾਇਤਾ ਸੇਵਾਵਾਂ ਨਵਜਾਤ ਬੱਚਿਆਂ, ਛੋਟੇ ਬੱਚਿਆਂ ਅਤੇ ਪਰਿਵਾਰਾਂ ਲਈ ਫਰਕ ਪਾਉਂਦੀਆਂ ਹਨ; ਸੇਵਾਵਾਂ ਵਿੱਚ ਸੁਧਾਰ ਕਰਨ ਦੇ ਨਾਲ ESIT ਦਾ ਸਮਰਥਨ ਕਰਦੀਆਂ; ਅਤੇ ਰਾਜ ਦੀ Annual Performance Report (ਸਾਲਾਨਾ ਪ੍ਰਦਰਸ਼ਨ ਰਿਪੋਰਟ, APR) ਲਈ ਅੰਕੜੇ ਪ੍ਰਦਾਨ ਕਰਦੀਆਂ ਹਨ। APR ਜਨਤਾ ਲਈ ਉਪਲਬਧ ਹੈ।

## ਕੀ ਮੇਰੇ ਬੱਚੇ ਦੀ ਜਾਣਕਾਰੀ ਸੁਰੱਖਿਅਤ ਹੈ?

### ਅੰਕੜੇ ਦੀ ਪਰਦੇਦਾਰੀ ਨੂੰ ਤਰਜੀਹ ਦਿੱਤੀ ਜਾਂਦੀ ਹੈ

ਹਾਂ, ਤੁਹਾਡੇ ਬੱਚੇ ਦੀ ਜਾਣਕਾਰੀ ਸੁਰੱਖਿਅਤ ਹੈ। ਕੇਵਲ ਸੰਖੇਪ ਅੰਕੜੇ ਦੀ ਰਿਪੋਰਟ ਕੀਤੀ ਜਾਵੇਗੀ। ਤੁਹਾਡਾ ਨਾਮ ਅਤੇ ਤੁਹਾਡੇ ਬੱਚੇ ਦਾ ਨਾਮ ਰਿਪੋਰਟ ਕੀਤੀ ਗਈ ਸੰਖੇਪ ਜਾਣਕਾਰੀ ਨਾਲ ਜੁੜਿਆ ਨਹੀਂ ਹੋਵੇਗਾ। ਅਸੀਂ ਇਨ੍ਹਾਂ ਡੇਟਾ ਦੀ ਵਰਤੋਂ ਇਹ ਦਿਖਾਉਣ ਲਈ ਕਰਦੇ ਹਾਂ ਕਿ ਸ਼ੁਰੂਆਤੀ ਸਹਾਇਤਾ ਸੇਵਾਵਾਂ ਕਿੰਨੀ ਚੰਗੀ ਤਰ੍ਹਾਂ ਕੰਮ ਕਰਦੀਆਂ ਹਨ।

Washington State Department of
CHILDREN, YOUTH & FAMILIES

*ਜੇ ਤੁਸੀਂ ਇਸ ਪ੍ਰਕਾਸ਼ਨ ਦੀਆਂ ਮੁਫ਼ਤ ਕਾਪੀਆਂ ਕਿਸੇ ਵਿਕਲਪਕ ਫਾਰਮੈਟ ਜਾਂ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 1-800-723-4831 'ਤੇ DCYF Constituent Relations (DCYF ਸੰਵਿਧਾਨਕ ਸਬੰਧ) ਨਾਲ ਸੰਪਰਕ ਕਰੋ ਜਾਂ* ***communications@dcyf.wa.gov*** *'ਤੇ ਈਮੇਲ ਕਰੋ।*

DCYF PUBLICATION FS_0025 PJ (03-2025) Punjabi